aglasem.com

FOR PUNJAB CLASS 12 PREPARATION

PSEB 12th Sample Paper 2027 PUNJABI Compulsory

EXAM	YEAR	TYPE	SUBJECT
Punjab Class 12	2027	Sample Paper	Punjabi

ਪੰਜਾਬ ਸਕੂਲ ਸਿੱਖਿਆ ਬੋਰਡ

ਸ਼੍ਰੇਣੀ ਬਾਰ੍ਹਵੀਂ ਲਾਜ਼ਮੀ ਪੰਜਾਬੀ

ਨਮੂਨਾ ਪ੍ਰਸ਼ਨ-ਪੱਤਰ 2026-27

ਸਮਾਂ: 3 ਘੰਟੇ **ਕੁੱਲ ਅੰਕ: 80**

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ: 20×1=20

ਭਾਗ (ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ : 5×1=5

ੳ. ਪੋਹ ਦੇ ਅਖ਼ੀਰਲੇ ਦਿਨ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ?

ਅ. ਸ਼ੀਸ਼ੇ ਦੇ ਟੁਕੜੇ ਲਾ ਕੇ ਕੱਢੀ ਜਾਣ ਵਾਲ਼ੀ ਫੁਲਕਾਰੀ ਦਾ ਨਾਂ ਦੱਸੋ।

ਇ. ਪੰਜਾਬੀ ਦੇ ਕਿਸ ਕਵੀ ਦੀ ਗ਼ਜ਼ਲ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ?

ਸ. 'ਬਹੁਤ ਜ਼ਿਆਦਾ ਰੌਲ਼ਾ ਪਾਈ ਜਾਣਾ ਪਰ ਅਮਲੀ ਰੂਪ ਵਿੱਚ ਕੁਝ ਵੀ ਨਾ ਕਰਨਾ ' ਅਜਿਹੀ ਸਥਿਤੀ ਲਈ ਕਿਹੜੀ ਅਖਾਉਤ ਢੁਕਵੀਂ ਹੈ ?

ਹ. 'ਜੀਤੋ' ਕਿਸ ਕਹਾਣੀ ਦੀ ਪਾਤਰ ਹੈ?

ਭਾਗ (ਅ) ਬਹੁ-ਚੋਣਵੇਂ ਉੱਤਰਾਂ ਵਾਲ਼ੇ ਪ੍ਰਸ਼ਨ: 5×1=5

ੳ. ਗੱਭਰੂਆਂ ਦੇ ਲੋਕ-ਨਾਚ 'ਭੰਗੜੇ' ਨੂੰ ਹੋਰ ਕਿਹੜੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ?

(ੳ) ਕਿਰਸਾਨੀ-ਨਾਚ (ਅ) ਫ਼ਸਲ-ਨਾਚ

(ਇ) ਵਿਸਾਖੀ-ਨਾਚ (ਸ) ਉਪਰੋਕਤ ਸਾਰੇ

ਅ. ਨਵਜੰਮੇ ਮੁੰਡੇ ਲਈ ਤੜਾਗੀ ਤੋਹਫ਼ੇ ਵਜੋਂ ਕੌਣ ਭੇਟ ਕਰਦਾ ਹੈ?

(ੳ) ਮਹਿਰਾ (ਅ) ਘੁਮਿਆਰ

(ਇ) ਦਾਈ (ਸ) ਤਰਖਾਣ

ਇ. 'ਸਾਂਝ'ਕਹਾਣੀ ਵਿੱਚ ਪ੍ਰੋਫ਼ੈਸਰ ਅਤੇ ਲਾਲ ਚੀਰੇ ਵਾਲ਼ੇ ਨੌਜਵਾਨ ਵਿੱਚ ਕਿਹੜੀ ਸਾਂਝ ਹੈ?

(ੳ) ਉਮਰ ਦੀ ਸਾਂਝ (ਅ) ਅਹੁਦੇ ਦੀ ਸਾਂਝ

(ਇ) ਹਮਦਰਦੀ ਦੀ ਭਾਵਨਾ ਦੀ ਸਾਂਝ (ਸ) ਗਰਾਈਂ ਹੋਣ ਦੀ ਸਾਂਝ

ਸ. ਕਿਰਪਾਲ ਕਜ਼ਾਕ ਦਾ ਲਿਖਿਆ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਦਾ ਹਿੱਸਾ ਹੈ?

(ੳ) ਪੰਜਾਬ ਦੇ ਲੋਕ-ਨਾਚ (ਅ) ਪੰਜਾਬੀ ਸੱਭਿਆਚਾਰਿਕ ਪਰਿਵਰਤਨ

(ਇ) ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ (ਸ) ਪੰਜਾਬ ਦੇ ਮੇਲੇ ਤੇ ਤਿਉਹਾਰ

ਹ. ਅਖਾਉਤ ਪੂਰੀ ਕਰੋ: 'ਆਪੇ ਫਾਥੜੀਏ_____।'

(ੳ) ਤੈਨੂੰ ਕੌਣ ਸਮਝਾਏ (ਅ) ਤੈਨੂੰ ਕੌਣ ਛੁਡਾਏ

(ਇ) ਤੈਨੂੰ ਕੌਣ ਹਸਾਏ (ਸ) ਤੈਨੂੰ ਕੌਣ ਬਚਾਏ

ਭਾਗ (ਇ) ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ : 5×1=5

ੳ. ਪੋਹ ਮਹੀਨੇ ਹਨੇਰੇ ਪੱਖ ਦੀਆਂ ਪੰਦਰਾਂ ਤਿਥਾਂ ਨੂੰ ਸ੍ਰਾਧ ਕੀਤੇ ਜਾਂਦੇ ਹਨ।

ਅ. ਮਰਾਸੀਆਂ ਕੋਲ਼ ਭਾਸ਼ਾਈ ਮੁਹਾਵਰੇ ਦੀ ਕਲਾ ਹੁੰਦੀ ਹੈ।

ਇ. 'ਹੁੱਲੇ-ਹੁਲਾਰੇ' ਲੋਕ-ਨਾਚ ਇਸਤਰੀਆਂ ਦੁਆਰਾ ਹੋਲੀ ਅਤੇ ਲੋਹੜੀ ਜਿਹੇ ਮਾਂਗਲਿਕ ਤਿਉਹਾਰਾਂ ਸਮੇਂ ਘੇਰੇ ਦੇ ਰੂਪ ਵਿੱਚ ਨੱਚਿਆ ਜਾਂਦਾ ਸੀ।

ਸ. 'ਆਪਣਾ ਦੇਸ' ਕਹਾਣੀ ਵਿੱਚ ਪੰਜਾਬੀਆਂ ਦੇ ਰੀਤੀ-ਰਿਵਾਜ ਅਤੇ ਪੇਂਡੂ ਸੱਭਿਆਚਾਰ ਦਾ ਚਿਤਰਨ ਪੇਸ਼ ਹੋਇਆ ਹੈ।

ਹ. ਜਦੋਂ ਚੀਜ਼ ਘੱਟ ਹੋਵੇ ਅਤੇ ਉਸ ਦੀ ਮੰਗ ਕਰਨ ਵਾਲ਼ੇ ਬਹੁਤੇ ਹੋਣ ਤਾਂ ਅਜਿਹੀ ਸਥਿਤੀ ਉੱਪਰ 'ਅੰਨ੍ਹਾ ਵੰਡੇ ਰਿਓੜੀਆਂ ਮੁੜ-ਮੁੜ ਆਪਣਿਆਂ ਨੂੰ' ਅਖਾਉਤ ਬਿਲਕੁਲ ਢੁਕਵੀਂ ਹੈ।

ਭਾਗ (ਸ) ਖ਼ਾਲੀ ਥਾਂਵਾਂ ਭਰੋ: 5×1=5

ੳ. ਲਿਖਤੀ ਰੂਪ ਵਿੱਚ ਆਕੇ ਨਕਲਾਂ ਸਥਿਰ ਤੇ_____ਹੋ ਜਾਂਦੀਆਂ ਹਨ।
ਅ. 'ਓਲਡ ਏਜ ਹੋਮ' _____ਦਾ ਬਦਲ ਨਹੀਂ ਬਣ ਸਕਦੇ।
ੲ. ਕਾਵਿ-ਸਤਰ ਪੂਰੀ ਕਰੋ:
ਉਹ ਸਦੀਆਂ ਦੀ ਬੋਹੜ ਕਿਸ ਵੱਢੀ,
ਉਹ ਪੁਰਾਣਾ _____ਕਿੱਥੇ ਉੱਡ ਗਿਆ?
ਸ. ਕਾਵਿ-ਸਤਰ ਪੂਰੀ ਕਰੋ:
ਅੱਖਾਂ ਦੇ ਵਿੱਚ ਛਲਕਣ_____,
ਹਿੱਕਾਂ ਦੇ ਵਿੱਚ ਆਹਾਂ।
ਹ. ਅਖਾਉਤ ਪੂਰੀ ਕਰੋ: 'ਜਾਂਦੇ ਚੋਰ ਦੀ _____।'

ਪ੍ਰਸ਼ਨ 2. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ: 3×2=6

ਸੱਭਿਆਚਾਰ ਇੱਕ ਵਗਦਾ ਦਰਿਆ ਹੈ। ਇਸ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਪਰਿਵਰਤਨ ਦੇ ਬਹੁਤ ਸਾਰੇ ਅੰਦਰਲੇ ਅਤੇ ਬਾਹਰਲੇ ਕਾਰਨ ਹੁੰਦੇ ਹਨ। ਸੱਭਿਆਚਾਰ ਜੀਵਨ-ਜਾਚ ਹੈ। ਜੀਵਨ-ਜਾਚ ਦੇ ਆਧਾਰ ਪੈਦਾਵਾਰੀ ਸਾਧਨਾਂ, ਸ਼ਕਤੀਆਂ ਅਤੇ ਤਕਨੀਕ ਦੇ ਬਦਲ ਜਾਣ ਨਾਲ ਸੱਭਿਆਚਾਰ ਵੀ ਬਦਲ ਜਾਂਦਾ ਹੈ। ਕਈ ਵਾਰ ਸੱਭਿਆਚਾਰ ਦੂਸਰੇ ਸੱਭਿਆਚਾਰਾਂ ਦੇ ਪ੍ਰਭਾਵ ਅਧੀਨ ਵੀ ਤਬਦੀਲ ਹੋ ਜਾਂਦਾ ਹੈ। ਸੱਭਿਆਚਾਰ ਦਾ ਮਨੁੱਖੀ ਇਤਿਹਾਸ ਨਾਲ ਗੂੜ੍ਹਾ ਸੰਬੰਧ ਹੁੰਦਾ ਹੈ ਅਤੇ ਇਸ ਦੀਆਂ ਪਰੰਪਰਾਵਾਂ ਬਣਨ ਵਿੱਚ ਸਦੀਆਂ ਲੱਗ ਜਾਂਦੀਆਂ ਹਨ। ਹਰ ਸੱਭਿਆਚਾਰ ਸਮੇਂ ਨਾਲ ਵੇਲ੍ਹਾ ਵਿਹਾ ਚੁੱਕੇ ਰਸਮ-ਰਿਵਾਜ, ਵਿਸ਼ਵਾਸ, ਸੁਹਜ-ਸੁਆਦ ਅਤੇ ਕੰਮਾਂ-ਕਾਰਾਂ ਨੂੰ ਛੱਡਦਾ ਜਾਂਦਾ ਹੈ ਅਤੇ ਨਵੀਂਆਂ ਲੋੜਾਂ ਅਨੁਸਾਰ ਨਵੀਂਆਂ ਕਦਰਾਂ-ਕੀਮਤਾਂ ਨੂੰ ਉਸਾਰਦਾ ਹੋਇਆ ਨਵੀਂਆਂ ਕਲਾਵਾਂ ਦੀ ਸਿਰਜਣਾ ਕਰਦਾ ਰਹਿੰਦਾ ਹੈ। ਇਹ ਕੁਝ ਆਮ ਕਰਕੇ ਸਹਿਜ ਅਤੇ ਅਵਚੇਤਨੀ ਪੱਧਰ ਉੱਪਰ ਵਾਪਰਦਾ ਰਹਿੰਦਾ ਹੈ। ਉੱਤਰ-ਆਧੁਨਿਕ ਯੁੱਗ ਵਿੱਚ ਨਵੀਂ ਤਕਨੀਕ ਦੇ ਤੇਜ਼-ਤਰਾਰ ਆਵਾਜਾਈ ਅਤੇ ਸੰਚਾਰ-ਸਾਧਨ ਵਿਕਸਿਤ ਹੋ ਜਾਣ ਨਾਲ ਸੱਭਿਆਚਾਰ ਵੀ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਤਬਦੀਲੀ ਪ੍ਰਤਿ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਵਿਚਾਰ ਸਾਮ੍ਹਣੇ ਆ ਰਹੇ ਹਨ। ਇੱਕ ਵਿਚਾਰ ਅਨੁਸਾਰ ਇਹ ਤਬਦੀਲੀਆਂ ਨਕਾਰਾਤਮਿਕ ਹਨ। ਦੂਸਰੇ ਵਿਚਾਰ ਅਨੁਸਾਰ ਨਵੀਂਆਂ ਤਬਦੀਲੀਆਂ ਸਾਕਾਰਾਤਮਿਕ ਹਨ। ਜਿੱਥੇ ਪਹਿਲੇ ਵਿਚਾਰ ਦੇ ਧਾਰਨੀ ਸਾਰੇ ਹੀ ਪੁਰਾਣੇ ਸੱਭਿਆਚਾਰ ਨੂੰ ਵਡਿਆਉਂਦੇ ਹਨ ਤੇ ਅਜੋਕੇ ਸੱਭਿਆਚਾਰ ਨੂੰ ਛੁਟਿਆਉਂਦੇ ਹਨ, ਉੱਥੇ ਨਵੇਂ ਸੱਭਿਆਚਾਰ ਦੇ ਪੱਖੀ ਕਈ ਵਾਰ ਆਪਣੇ ਵਿਰਸੇ ਨੂੰ ਵੀ ਭੁੱਲ ਜਾਂਦੇ ਹਨ। ਅਸਲ ਵਿੱਚ ਸਾਨੂੰ ਆਪਣੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ, ਰੁਚੀਆਂ, ਕਲਾਵਾਂ ਅਤੇ ਕੰਮ-ਧੰਦਿਆਂ ਬਾਰੇ ਹਰ ਸਮੇਂ ਚਿਤੰਨ ਪੱਧਰ 'ਤੇ ਸੋਚ-ਵਿਚਾਰ ਕਰਦੇ ਰਹਿਣਾ ਚਾਹੀਦਾ ਹੈ।

(ੳ) ਉੱਪਰ ਦਿੱਤਾ ਗਿਆ ਪੈਰਾ ਕਿਸ ਲੇਖ ਵਿੱਚੋਂ ਲਿਆ ਗਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ?
(ਅ) ਸੱਭਿਆਚਾਰ ਵਿੱਚ ਪਰਿਵਰਤਨ ਆਉਣ ਦੇ ਕੀ ਕਾਰਨ ਹਨ?
(ੲ) ਪੈਰੇ ਵਿੱਚੋਂ ਦੋ ਸ਼ਬਦ ਅਜਿਹੇ ਚੁਣੋ ਜੋ ਇੱਕ-ਦੂਜੇ ਦੇ ਵਿਰੋਧੀ ਸ਼ਬਦ ਹੋਣ।

ਪ੍ਰਸ਼ਨ 3. ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ: 4×3=12

(ੳ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ?
(ਅ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?
(ੲ) 'ਬਾਹਰ ਵਧਾਉਣ' ਦੀ ਰਸਮ ਉੱਪਰ ਇੱਕ ਨੋਟ ਲਿਖੋ।
(ਸ) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ਼ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ?
(ਹ) ਪੰਜਾਬ ਦੀ ਲੋਕ-ਕਲਾ ਫੁਲਕਾਰੀ ਦੀ ਕਢਾਈ ਉੱਪਰ ਨੋਟ ਲਿਖੋ।
(ਕ) 'ਮਲਵੱਈਆਂ ਦੇ ਗਿੱਧੇ' ਬਾਰੇ ਤੁਸੀਂ ਕੀ ਜਾਣਦੇ ਹੋ?
(ਖ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਵਿੱਚ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਈ ਹੈ। ਇਸ 'ਤੇ ਉਦਾਹਰਨਾਂ ਸਹਿਤ ਚਾਨਣਾ ਪਾਓ।

ਪ੍ਰਸ਼ਨ 4. ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ। 2+4+1=7

ਜਾਂ

ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਤੋਂ, ਆਪਣੀ ਯੋਗਤਾ ਦੱਸਦੇ ਹੋਏ, ਸਰਕਾਰ ਵੱਲੋਂ ਮਿਲ਼ਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ।

ਪ੍ਰਸ਼ਨ 5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ: **3+1=4**

ਵਿਆਹ ਸੰਬੰਧੀ ਸਭ ਤੋਂ ਪਹਿਲੀ ਰਸਮ ਹੈ-'ਵਰ ਦੀ ਚੋਣ ਕਰਨੀ। ਵਰ ਦੀ ਚੋਣ ਕਰਨ ਸਮੇਂ ਬਹੁਤੀ ਵਾਰ ਲੜਕੀ ਦੀ ਮਰਜ਼ੀ ਉੱਕਾ ਹੀ ਨਹੀਂ ਪੁੱਛੀ ਜਾਂਦੀ। ਪੁਰਾਣਿਆਂ ਸਮਿਆਂ ਵਿੱਚ ਇਹ ਕੰਮ ਨਾਈ, ਪਰੋਹਤ ਜਾਂ ਵਿਚੋਲੇ ਦੁਆਰਾ ਕੀਤਾ ਜਾਂਦਾ ਸੀ। ਵਿਚੋਲੇ ਦੀ ਦੱਸ ਅਨੁਸਾਰ ਜੇਕਰ ਲੜਕਾ ਲੜਕੀ ਦੇ ਪਿਤਾ ਨੂੰ ਪਸੰਦ ਆ ਜਾਵੇ ਤਾਂ ਰਿਸ਼ਤਾ ਸਿਰੇ ਚੜ੍ਹ ਜਾਂਦਾ ਸੀ। ਭਾਵੇਂ ਅੱਜ-ਕੱਲ੍ਹ ਵਿੱਦਿਆ ਦੇ ਪਸਾਰ ਨਾਲ ਲੜਕਾ-ਲੜਕੀ ਵਿਆਹ ਤੋਂ ਪਹਿਲਾਂ ਇੱਕ-ਦੂਜੇ ਨੂੰ ਪਸੰਦ ਕਰ ਲੈਂਦੇ ਹਨ ਅਰਥਾਤ ਦੋਹਾਂ ਧਿਰਾਂ ਦੀ ਮਰਜ਼ੀ ਪੁੱਛੀ ਜਾਣ ਲੱਗ ਪਈ ਹੈ ਅਤੇ ਕਿਧਰੇ-ਕਿਧਰੇ ਸ਼ਹਿਰਾਂ ਵਿੱਚ ਪ੍ਰੇਮ-ਵਿਆਹ ਤੇ ਅੰਤਰਜਾਤੀ ਵਿਆਹ ਵੀ ਸਫਲਤਾ ਨਾਲ਼ ਸਿਰੇ ਚੜ੍ਹ ਰਹੇ ਹਨ ਪਰ ਪਰੰਪਰਿਕ ਤੌਰ-ਤਰੀਕਿਆਂ ਅਤੇ ਸਮਾਜਿਕ ਵਿਧਾਨ ਅਨੁਸਾਰ ਰਿਸ਼ਤਾ ਕਰਨ ਵੇਲ਼ੇ ਜਾਤ-ਬਰਾਦਰੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਆਪਣੀ ਜਾਤ-ਬਰਾਦਰੀ ਤੋਂ ਬਾਹਰ ਵਿਆਹ ਨਹੀਂ ਕੀਤੇ ਜਾਂਦੇ। ਕੁਝ ਬਰਾਦਰੀਆਂ ਵਿੱਚ ਮਾਂ-ਪਿਓ ਦੀਆਂ ਦੋਹਾਂ ਗੋਤਾਂ ਵਿੱਚ ਵਿਆਹ ਵਰਜਿਤ ਹਨ ਅਤੇ ਕੁਝ ਵਿੱਚ ਮਾਂ-ਪਿਓ ਤੋਂ ਬਿਨਾਂ ਨਾਨੀ, ਦਾਦੀ ਦੀਆਂ ਗੋਤਾਂ ਅਥਵਾ ਚਾਰ ਗੋਤਾਂ ਵਿੱਚ। ਰਿਸ਼ਤੇ-ਨਾਤੇ ਕਰਨ ਵੇਲ਼ੇ ਭੂਗੋਲਿਕ ਖੇਤਰ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਆਪਣੇ ਪਿੰਡ ਵਿੱਚ ਹੀ ਮੁੰਡੇ-ਕੁੜੀ ਦਾ ਰਿਸ਼ਤਾ ਕਰਨ ਦੀ ਪ੍ਰਥਾ ਨਹੀਂ ਹੈ ਕਿਉਂਕਿ ਪਿੰਡ ਦੀ ਧੀ ਸਾਂਝੀ ਧੀ ਸਮਝੀ ਜਾਂਦੀ ਹੈ, ਉਸ ਨਾਲ਼ ਵਿਆਹ ਕਰਨਾ, ਲੋਕਾਚਾਰ ਦੇ ਵਿਰੁੱਧ ਹੈ।

ਪ੍ਰਸ਼ਨ 6. (ੳ) ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ: 6×1/2=3

ਫ਼ਰਿਸ਼ਤਾ	ਰਿਗਵੇਦ
ਫ਼ਕੀਰ	ਬਾਸ਼ਿੰਦਾ
ਫ਼ੌਲਾਦੀ	ਅਸਥੂਲ
ਫ਼ਿਲਹਾਲ	ਦਰਾਵੜ
ਫ਼ਸਲ	ਸ਼ਤਰੰਜ
ਫ਼ਿਰਕੀ	ਰਹਿਤਲ

ਪ੍ਰਸ਼ਨ 6. (ਅ) ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਚਾਰ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ:4×1=4

(ੳ) ਜਿਹੜੇ ਬੱਚੇ ਸਮਝਦਾਰ ਹੁੰਦੇ ਹਨ, ਉਹ ਮਾਪਿਆਂ ਦਾ ਕਿਹਾ ਮੰਨਦੇ ਹਨ। (ਸਧਾਰਨ ਵਾਕ)

(ਅ) ਬਿਪਤਾ ਸਮੇਂ ਧੀਰਜ ਰੱਖੋ (ਮਿਸ਼ਰਿਤ ਵਾਕ)

(ਇ) ਅੱਗੇ ਵਧ ਕੇ ਵੈਰੀ ਦੇ ਦੰਦ ਖੱਟੇ ਕਰੋ। (ਸੰਜੁਗਤ ਵਾਕ)

(ਸ) ਮੇਰੀ ਇੱਛਾ ਹੈ ਕਿ ਮੈਂ ਡਾਕਟਰ ਹੁੰਦਾ। (ਵਿਸਮੈ-ਵਾਚਕ ਵਾਕ)

(ਹ) ਕੋਈ ਸੋਹਣਾ ਜਿਹਾ ਗੀਤ ਸੁਣਾਓ। (ਪ੍ਰਸ਼ਨ-ਵਾਚਕ ਵਾਕ)

(ਕ) ਕਾਰ ਰਾਜੂ ਦੁਆਰਾ ਚਲਾਈ ਗਈ। (ਕਰਤਰੀ ਵਾਚ ਵਾਕ)

(ਖ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ। (ਨਾਂਹ-ਵਾਚਕ ਵਾਕ)

ਪ੍ਰਸ਼ਨ 7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀਆਂ ਵਰਤੋਂ ਸਥਿਤੀਆਂ ਦੱਸੋ:5×2=10

(ੳ) ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ

(ਅ) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਂਹੀਂ ਪਾਸੀਂ

(ਇ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ

(ਸ) ਠੂਠਾ ਫੁੱਟ ਕੇ ਛੰਨਾ ਮਿਲ਼ਿਆ
(ਹ) ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ
(ਕ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ
(ਖ) ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ
(ਗ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ

ਪ੍ਰਸ਼ਨ 8. ਕਾਵਿ-ਸਤਰਾਂ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ: **2+1+1=4**

ਤੱਕ-ਤੱਕ ਕਸਬ ਹੁਨਰ ਮੁਗ਼ਲਾਂ ਦਾ, ਹੈਰਤ ਵਧਦੀ ਜਾਵੇ,
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ, ਲੂੰ-ਲੂੰ ਪਿਆ ਸਲਾਹਵੇ।
ਏਨੇ ਨੂੰ ਗੁੰਬਦ ਦਾ ਆਂਡਾ, ਟੋਟੇ-ਟੋਟੇ ਹੋਇਆ,
ਚੀਕਾਂ, ਕੂਕਾਂ ਤੇ ਫ਼ਰਿਆਦਾਂ, ਜਾ ਅੰਬਰ ਨੂੰ ਛੋਹਿਆ।

(ੳ) ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਅਤੇ ਕਵੀ ਦਾ ਨਾਂ ਦੱਸੋ।
(ਅ) ਕਵਿਤਾ ਵਿੱਚ ਕਿਹੜੇ ਲੋਕਾਂ ਦੀਆਂ ਚੀਕਾਂ, ਕੂਕਾਂ ਤੇ ਫ਼ਰਿਆਦਾਂ ਦਾ ਜ਼ਿਕਰ ਹੋਇਆ ਹੈ?
(ਏ) ਕਾਵਿ-ਸਤਰਾਂ ਵਿੱਚ ਆਏ ਸ਼ਬਦ 'ਕਸਬ' ਦਾ ਕੀ ਅਰਥ ਹੈ?

ਪ੍ਰਸ਼ਨ 9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: **4 ਅੰਕ**

(ੳ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)
(ਅ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ)
(ਏ) ਮੇਰਾ ਬਚਪਨ (ਹਰਿਭਜਨ ਸਿੰਘ)

ਪ੍ਰਸ਼ਨ 10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ: **6 ਅੰਕ**

(ੳ) ਨੀਲੀ (ਕਰਤਾਰ ਸਿੰਘ ਦੁੱਗਲ)
(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼)